# चल भगता दर बांबे दे

चल भगता दर चलिये
सहनु जोगी ने आप भुलाया,
बसा भर भर जांदियाँ ने,
सोहना चेत महिना आया ,

मेरे पौनाहारी ने,
आसन विच गुफा दे लाया,
खाली झोलियाँ भरदा ऐ,
उस दा अंत किसे ना पाया,

पहला जा के असा ने जी,
मथा टेकना शाह्तालैया,
नाके जेहे बालक ने,
लस्सी रोटियां जिथे दिखाईया,

रत्नों दे मंदिरा ते ,
मथा टेके दुनिया सारी,
ओहनू धर्म दा पूत केह के,
भर गई माता रत्नों लुहारी,

सहनु लाल बक्शेया ऐ,
मेहर है बाबा जी दी होई,
मेरे नाथ जेहा भगतो,
इस जग ते होर न,

ओहदी शकती नियारी ऐ,
ओह ता हथ ते सरो जमावे,
खाली झोलियाँ भर दिंदे,
जेह्डा सचे दिलो ध्यावे

करा होर की सिफत ओहदी,
ओह ता रब बनके है आया,
सोहनी पटी वाले ने,
उस्तो जो मंगेया सो पाया,

जो पूजा करदे ने
ओह हर साल गुफा ते जांदे,
जोगी चिमटे वाले दे,
ओह ता रज रज दर्शन पाउंदे,

**ਚੱਲ, ਭਗਤਾ ਦਰ ਚੱਲੀਏ,**
**ਸਾਨੂੰ, ਜੋਗੀ ਨੇ ਆਪ ਬੁਲਾਇਆ ॥**

ਬੱਸਾਂ, ਭਰ ਭਰ ਜਾਂਦੀਆਂ ਨੇ,
ਸੋਹਣਾ, ਚੇਤ ਮਹੀਨਾ ਆਇਆ ॥

ਮੇਰੇ ਪੌਣਹਾਰੀ ਨੇ,,,॥,
ਆਸਣ, ਵਿੱਚ ਗੁਫ਼ਾ ਦੇ ਲਾਇਆ,
ਖਾਲੀ, ਝੋਲੀਆਂ ਭਰਦਾ ਏ,
ਉਸ ਦਾ ਅੰਤ, ਕਿਸੇ ਨਾ ਪਾਇਆ,,,

ਪਹਿਲਾਂ, ਜਾ ਕੇ ਅਸਾਂ ਨੇ ਜੀ,
ਮੱਥਾ, ਟੇਕਣਾ ਸ਼ਾਹਤਲਾਈਆਂ ॥
ਨਿੱਕੇ ਜੇਹੇ, ਬਾਲਕ ਨੇ,
ਲੱਸੀ, ਰੋਟੀਆਂ ਜਿੱਥੇ ਦਿਖਾਈਆਂ ॥

ਰਤਨੋ ਦੇ ਮੰਦਿਰਾਂ ਤੇ,,,॥,
ਮੱਥਾ, ਟੇਕੇ ਦੁਨੀਆਂ ਸਾਰੀ
ਓਹਨੂੰ, ਧਰਮ ਦਾ ਪੁੱਤ ਕਹਿ ਕੇ,
ਤਰ ਗਈ, ਮਾਤਾ ਰਤਨੋ ਲੁਹਾਰੀ,,,

ਸਾਨੂੰ, ਲਾਲ ਬਖਸ਼ਿਆ ਏ,
ਮੇਹਰ ਹੈ, ਬਾਬਾ ਜੀ ਦੀ ਹੋਈ ॥
ਮੇਰੇ, ਨਾਥ ਜੇਹਾ ਭਗਤੋ,
ਇਸ ਜੱਗ ਤੇ, ਹੋਰ ਨਾ ॥

ਓਹਦੀ ਸ਼ਕਤੀ ਨਿਆਰੀ ਏ,,,॥,
ਉਹ ਤਾਂ, ਹੱਥ ਤੇ ਸਰੋਂ ਜਮਾਵੇ
ਖਾਲੀ ਝੋਲੀਆਂ, ਭਰ ਦੇਂਦਾ,
ਜੇਹੜਾ, ਸੱਚੇ ਦਿਲੋਂ ਧਿਆਵੇ,,,

ਕਰਾਂ, ਹੋਰ ਕੀ ਸਿਫਤ ਓਹਦੀ,
ਉਹ ਤਾਂ, ਰੱਬ ਬਣਕੇ ਹੈ ਆਇਆ ॥
ਸੋਹਣੀ, ਪੱਟੀ ਵਾਲੇ ਨੇ,
ਉਸਤੋਂ, ਜੋ ਮੰਗਿਆਂ ਸੋ ਪਾਇਆ ॥

ਜੋ ਪੂਜਾ ਕਰਦੇ ਨੇ,,,॥ ,
ਉਹ ਹਰ ਸਾਲ, ਗੁਫ਼ਾ ਤੇ ਜਾਂਦੇ,
ਜੋਗੀ, ਚਿਮਟੇ ਵਾਲੇ ਦੇ,
ਉਹ ਤਾਂ, ਰੱਜ ਰੱਜ ਦਰਸ਼ਨ ਪਾਂਉਦੇ,,,
ਧੁਨ- ਦੱਸੀਂ ਕਲਗੀਆਂ ਵਾਲਿਆ ਵੇ
ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/12446/title/chal-bhagta-dar-babe-de-chaliye

अपने Android मोबाइल पर BhajanGanga App डाउनलोड करें और भजनों का आनंद ले |